# ਰਿਹਾਇਸ਼ੀ ਪਾਣੀ ਦੀਆਂ ਪਾਬੰਦੀਆਂ

ਇਹ ਚਾਰਟ ਐਬਟਸਫੋਰਡ ਅਤੇ ਮਿਸ਼ਨ ਵਿਚ ਪਾਣੀ ਦੀਆਂ ਪਾਬੰਦੀਆਂ ਦੇ ਪੜਾਅ 1-4 ਵਿਚ ਰਿਹਾਇਸ਼ੀ ਪਾਣੀ ਦੀ ਵਰਤੋਂ ਬਾਰੇ ਵਿਆਖਿਆ ਕਰਦਾ ਹੈ। ਪਾਣੀ ਦੀਆਂ ਪਾਬੰਦੀਆਂ ਇਹ ਯਕੀਨੀ ਬਣਾਉਣ ਲਈ ਲਗਾਈਆਂ ਗਈਆਂ ਹਨ ਤਾਂ ਕਿ ਦੋਹਾਂ ਕਮਿਊਨਿਟੀਆਂ ਵਿੱਚ ਹਰੇਕ ਵਾਸਤੇ ਕਾਫੀ ਪਾਣੀ ਮੌਜੂਦ ਹੋਵੇ, ਕਿਉਂਕਿ ਗਰਮੀਆਂ ਦੇ ਮਹੀਨਿਆਂ ਵਿੱਚ ਤਾਪਮਾਨ ਵਧ ਜਾਂਦਾ ਹੈ।

ਪਾਣੀ ਦੀਆਂ ਪਾਬੰਦੀਆਂ ਅਤੇ ਪਾਣੀ ਦੀ ਬੱਚਤ ਕਰਨ ਦੇ ਪ੍ਰੋਗਰਾਮਾਂ ਅਤੇ ਨੁਕਤਿਆਂ ਬਾਰੇ ਵਧੇਰੇ ਜਾਣਕਾਰੀ ਲਈ **ourwatermatters.ca** 'ਤੇ ਜਾਓ।

✓ = **ਆਗਿਆ ਹੈ** ! = **ਆਗਿਆ ਹੈ ਪਰ ਪਾਬੰਦੀਆਂ ਦੇ ਨਾਲ** ✗ = **ਆਗਿਆ ਨਹੀਂ ਹੈ**

| ਪਾਣੀ ਦੀ ਵਰਤੋਂ | ਪੜਾਅ 1 | 2 | 3 | 4 | ਪਾਬੰਦੀਆਂ ਦੇ ਵਿਸਥਾਰ |
|---|---|---|---|---|---|
| **ਲਾਅਨ ਨੂੰ ਪਾਣੀ ਦੇਣਾ** | ! | ✗ | ✗ | ✗ | **ਪੜਾਅ 1:** ਹਫ਼ਤੇ ਵਿਚ ਇਕ ਸਵੇਰ। ਦੋ ਨਾਲ ਵੰਡੇ ਜਾਣ ਵਾਲੇ ਪਤੇ, ਸ਼ਨੀਵਾਰ ਨੂੰ ਪਾਣੀ ਦੇ ਸਕਦੇ ਹਨ। ਦੋ ਨਾਲ ਨਾ ਵੰਡੇ ਜਾਣ ਵਾਲੇ ਪਤੇ, ਐਤਵਾਰ ਨੂੰ ਪਾਣੀ ਦੇ ਸਕਦੇ ਹਨ।<br>**ਆਟੋਮੈਟਿਕ ਵਾਟਰਿੰਗ:** 5 - 7 ਵਜੇ ਤੱਕ<br>**ਮੈਨੂਅਲ ਵਾਟਰਿੰਗ:** 6 - 9 ਵਜੇ ਤੱਕ |
| **ਨਵੇਂ ਲਾਅਨ** ਨੂੰ ਪਾਣੀ ਦੇਣਾ ਜਾਂ ਯੂਰਪੀਅਨ ਚੈਫਰ ਬੀਟਲ ਲਈ ਇਲਾਜ ਕੀਤੇ ਜਾ ਰਹੇ ਲਾਅਨ | ! | ✗ | ✗ | ✗ | **ਪੜਾਅ 1:** ਕਿਸੇ ਵੀ ਦਿਨ ਇਜਾਜ਼ਤ ਦੇ ਸਮੇਂ ਦੇ ਅੰਦਰ, ਜੇ ਪਾਣੀ ਛਿੜਕਣ ਦੇ ਪਰਮਿਟ ਅਨੁਸਾਰ ਹਨ।<br>**ਪੜਾਅ 2:** ਪੜਾਅ 1 ਵਿੱਚ ਜਾਰੀ ਕੀਤੇ ਗਏ ਛਿੜਕਾਅ ਪਰਮਿਟ ਉਦੋਂ ਤੱਕ ਲਾਗੂ ਰਹਿਣਗੇ ਜਦੋਂ ਤੱਕ ਪਰਮਿਟ ਦੀ ਮਿਆਦ ਖਤਮ ਨਹੀਂ ਹੋ ਜਾਂਦੀ। ਕੋਈ ਨਵਾਂ ਪਰਮਿਟ ਜਾਰੀ ਨਹੀਂ ਕੀਤਾ ਜਾਵੇਗਾ ਜਾਂ ਨਵੀਨੀਕਰਣ ਨਹੀਂ ਕੀਤਾ ਜਾਵੇਗਾ। |
| **ਖਾਣਯੋਗ ਪੌਦਿਆਂ ਨੂੰ ਛੱਡ ਕੇ, ਦਰੱਖਤਾਂ, ਝਾੜੀਆਂ ਅਤੇ ਫੁੱਲਾਂ ਨੂੰ ਪਾਣੀ ਦੇਣਾ** (ਖਾਣਯੋਗ ਪੌਦਿਆਂ ਵਿੱਚ ਸਬਜ਼ੀਆਂ ਦੇ ਬਗੀਚੇ, ਫਲ ਦੇਣ ਵਾਲੇ ਪੌਦੇ ਤੇ ਝਾੜੀਆਂ ਸ਼ਾਮਲ ਹਨ। ਪੜਾਅ 1 ਤੋਂ 3 ਵਿੱਚ ਖਾਣਯੋਗ ਪੌਦਿਆਂ ਨੂੰ ਪਾਬੰਦੀਆਂ ਤੋਂ ਛੋਟ ਹੈ) | ! | ! | ! | ✗ | **ਪੜਾਅ 1 ਅਤੇ 2:** ਕਿਸੇ ਵੀ ਦਿਨ ਸਵੇਰੇ 5 ਤੋਂ 9 ਵਜੇ ਤੱਕ ਜੇਕਰ ਤੁਸੀ ਸਪ੍ਰਿੰਕਲਰ ਦੀ ਵਰਤੋਂ ਕਰਦੇ ਹੋ ਅਤੇ ਕਿਸੇ ਵੀ ਦਿਨ ਜੇਕਰ ਆਟੋਮੈਟਿਕ ਬੰਦ ਹੋਣ ਵਾਲੇ ਯੰਤਰ, ਪਾਣੀ ਦੇ ਕੰਟੇਨਰ, ਜਾਂ ਤੁਪਕਾ/ਡਰਿਪ/ਮਾਈਕਰੋ ਸਪਰੇਅ ਸਿੰਚਾਈ ਨਾਲ ਹੱਥ ਨਾਲ ਫੜੀ ਹੋਜ਼ ਦੀ ਵਰਤੋਂ ਕੀਤੀ ਜਾ ਰਹੀ ਹੈ।<br>**ਪੜਾਅ 3:** ਕਿਸੇ ਵੀ ਦਿਨ ਕਿਸੇ ਵੀ ਸਮੇਂ ਜੇਕਰ ਆਟੋਮੈਟਿਕ ਬੰਦ ਹੋਣ ਵਾਲੇ ਯੰਤਰ, ਪਾਣੀ ਦੇ ਕੰਟੇਨਰ, ਜਾਂ ਤੁਪਕਾ/ਡਰਿਪ/ਮਾਈਕਰੋ ਸਪਰੇਅ ਸਿੰਚਾਈ ਨਾਲ ਹੱਥ ਨਾਲ ਫੜੀ ਹੋਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਸਪ੍ਰਿੰਕਲਰ ਜਾਂ ਸੋਕਰ ਹੋਜ਼ ਦੀ ਵਰਤੋਂ **ਮਨਾਹੀ ਹੈ**। |
| **ਪਾਣੀ ਨੂੰ ਨਾ ਸੋਕਣ ਵਾਲੇ ਤਲਾਂ ਨੂੰ ਧੋਣਾ** (ਪਾਣੀ ਨੂੰ ਨਾ ਸੋਕਣ ਵਾਲੇ ਤਲਾਂ ਵਿੱਚ ਫੁੱਟਪਾਥ, ਡਰਾਈਵਵੇਅ ਅਤੇ ਬਾਹਰੀ ਇਮਾਰਤ ਦੀਆਂ ਸਤਹਾਂ ਸ਼ਾਮਲ ਹਨ) | ✓ | ! | ! | ✗ | **ਪੜਾਅ 2:** ਇਹ ਕਾਰਨਾ ਕਰਕੇ ਤੁਸੀ ਪਾਣੀ ਨੂੰ ਨਾ ਸੋਕਣ ਵਾਲੇ ਤਲਾਂ ਨੂੰ ਧੋ ਸਕਦੇ ਹੋ।<br>ਸਿਹਤ ਜਾਂ ਸੁਰੱਖਿਆ ਕਾਰਨ। ਪੇਂਟਿੰਗ ਜਾਂ ਸਮਾਨ ਇਲਾਜ ਲਈ ਇੱਕ ਸਤਹ ਤਿਆਰ ਕਰਨਾ, ਜਾਂ ਵਪਾਰਕ ਸਫਾਈ ਕਾਰਜ ਦੁਆਰਾ ਸੁਹਜ ਦੀ ਸਫਾਈ।<br>**ਪੜਾਅ 3:** ਸਿਹਤ ਜਾਂ ਸੁਰੱਖਿਆ ਕਾਰਨਾਂ ਨੂੰ ਛੱਡ ਕੇ **ਮਨਾਹੀ ਹੈ**। ਸੁੰਦਰਤਾ ਲਈ ਸਫਾਈ ਦੀ **ਮਨਾਹੀ ਹੈ**।<br>**ਪੜਾਅ 4: ਮਨਾਹੀ ਹੈ** ਸਿਵਾਏ ਜੇਕਰ ਕਿਸੇ ਸਿਹਤ ਜਾਂ ਸੁਰੱਖਿਆ ਕਾਰਨ ਕਰਕੇ ਕਿਸੇ ਰੈਗੂਲੇਟਰੀ ਅਥਾਰਟੀ ਦੁਆਰਾ ਆਦੇਸ਼ ਦਿੱਤਾ ਗਿਆ ਹੋਵੇ। |
| **ਟੌਪਿੰਗ ਜਾਂ ਸੁਹਜਾਤਮਕ ਪਾਣੀ ਦੀਆਂ ਫੀਚਰਾਂ ਨੂੰ ਭਰਨਾ/ਜਾਂ ਲੈਵਲ ਪੂਰਾ ਕਰਨਾਂ** | ✓ | ✗ | ✗ | ✗ | |
| **ਪੂਲ ਅਤੇ ਗਰਮ ਟੱਬਾਂ ਨੂੰ ਭਰਨਾ/ਜਾਂ ਲੈਵਲ ਪੂਰਾ ਕਰਨਾਂ** | ✓ | ✗ | ✗ | ✗ | |
| **ਗੱਡੀਆਂ ਅਤੇ ਕਿਸ਼ਤੀਆਂ ਨੂੰ ਧੋਣਾ** | ✓ | ✓ | ✗ | ✗ | **ਪੜਾਅ 3:** ਸੁਰੱਖਿਆ ਲਈ ਵਿੰਡੋਜ਼, ਲਾਈਟਾਂ, ਸ਼ੀਸ਼ੇ, ਲਾਇਸੈਂਸ ਪਲੇਟਾਂ, ਕਿਸ਼ਤੀ ਇੰਜਣਾਂ ਨੂੰ ਸਾਫ਼ ਕਰਨ ਅਤੇ ਹਮਲਾਵਰ ਸਪੀਸੀਜ਼ ਪ੍ਰਬੰਧਨ ਲਈ, ਇਹਨਾ ਕਾਰਨਾਂ ਤੋਂ ਇਲਾਵਾ **ਮਨਾਹੀ ਹੈ**।<br>**ਪੜਾਅ 4:** ਸੁਰੱਖਿਆ ਲਈ ਵਿੰਡੋਜ਼, ਲਾਈਟਾਂ, ਸ਼ੀਸ਼ੇ, ਲਾਇਸੈਂਸ ਪਲੇਟਾਂ ਅਤੇ ਕਿਸ਼ਤੀ ਇੰਜਣਾਂ ਨੂੰ ਸਾਫ਼ ਕਰਨ ਤੋਂ ਇਲਾਵਾ **ਮਨਾਹੀ ਹੈ**। |

**ਹੋਰ ਜਾਣਕਾਰੀ ਲਈ ourwatermatters.ca 'ਤੇ ਜਾਓ।**

Abbotsford Mission Water & Sewer Services · ABBOTSFORD · CITY OF MISSION